# SOGI ਲਿੰਗਕ ਰੁਚੀ ਅਤੇ ਲਿੰਗਕ ਪਛਾਣ

Surrey Schools
LEADERSHIP IN LEARNING

## ਸੋਜੀ (SOGI)ਦੀ ਸ਼ਮੂਲੀਅਤ ਵਾਲੇ ਵਸੀਲਿਆਂ ਨੂੰ ਸਮਝਣਾ: ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਲਈ ਗਾਈਡ

### ਸੋਜੀ (SOGI) ਦੀ ਸ਼ਮੂਲੀਅਤ ਵਾਲੇ ਵਸੀਲੇ ਕੀ ਹਨ?

ਸੋਜੀ (SOGI) ਦਾ ਮਤਲਬ ਲਿੰਗਕ ਰੁਚੀ ਅਤੇ ਲਿੰਗਕ ਪਛਾਣ ਹੈ। ਸੋਜੀ (SOGI) ਦੀ ਸ਼ਮੂਲੀਅਤ ਵਾਲੇ ਵਸੀਲੇ ਸਾਡੇ ਸਕੂਲ ਡਿਸਟ੍ਰਿਕਟ ਦੇ ਟੀਚਰਾਂ ਵਲੋਂ ਨਸਲ, ਸਭਿਆਚਾਰ, ਧਰਮ, ਲਿੰਗਕ ਰੁਚੀ, ਜਾਂ ਲਿੰਗਕ ਪਛਾਣ ਵੱਲ ਧਿਆਨ ਦਿੱਤੇ ਬਿਨਾਂ ਸਾਡੀ ਕਮਿਊਨਿਟੀ ਦੇ ਹਰ ਮੈਂਬਰ ਬਾਰੇ ਸਮਝ ਅਤੇ ਪ੍ਰਵਾਨਗੀ ਦਾ ਸਮਰਥਨ ਕਰਨ ਲਈ ਵਰਤੇ ਜਾਂਦੇ ਕਈ ਸਾਧਨਾਂ ਵਿੱਚੋਂ ਇਕ ਸਾਧਨ ਹਨ।

ਇਹ ਵਸੀਲੇ ਸਾਡੇ ਵਿਦਿਆਰਥੀਆਂ ਅਤੇ ਸਟਾਫ ਲਈ ਸੁਰੱਖਿਅਤ, ਦੋਸਤਾਨਾ ਅਤੇ ਸ਼ਮੂਲੀਅਤ ਵਾਲਾ ਮਾਹੌਲ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਸਾਡੇ ਸਿਖਿਆਰਥੀਆਂ ਨੂੰ ਸਿਰਜਣਾਤਮਕ ਅਤੇ ਆਲੋਚਨਾਤਮਕ ਢੰਗ ਨਾਲ ਸੋਚਣ, ਸੁਚੱਜੇ ਢੰਗ ਨਾਲ ਗੱਲਬਾਤ ਕਰਨ ਅਤੇ ਆਪਣਾ ਅਤੇ ਦੂਸਰਿਆਂ ਦਾ ਖਿਆਲ ਰੱਖਣ ਲਈ ਤਿਆਰ ਕਰਦੇ ਹਨ। ਇਹਨਾਂ ਵਸੀਲਿਆਂ ਦਾ ਮਕਸਦ ਬੁਲੀਇੰਗ (ਧੱਕੇਸ਼ਾਹੀ) ਅਤੇ ਵਿਤਕਰੇ ਨੂੰ ਘਟਾਉਣਾ ਹੈ ਅਤੇ ਉਹ ਕਾਮਕਤਾ (ਸੈਕਸੁਐਲਟੀ) ’ਤੇ ਕੇਂਦਰਿਤ ਨਹੀਂ ਹਨ।

### ਸੋਜੀ (SOGI) ਦੀ ਸ਼ਮੂਲੀਅਤ ਵਾਲੇ ਵਸੀਲਿਆਂ ਬਾਰੇ ਮੁੱਖ ਨੁਕਤੇ

- **ਉਹ ਸਾਰਿਆਂ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਦਾ ਜ਼ਰੂਰੀ ਹਿੱਸਾ ਹਨ**
  ਸੋਜੀ (SOGI) ਦੀ ਸ਼ਮੂਲੀਅਤ ਵਾਲੇ ਵਸੀਲੇ ਟੀਚਰਾਂ ਲਈ ਤੱਥਾਂ ਆਧਾਰਿਤ ਜਾਣਕਾਰੀ ਦੇਣ, ਹਮਦਰਦੀ ਨੂੰ ਉਤਸ਼ਾਹਿਤ ਕਰਨ ਅਤੇ ਸਾਡੀ ਕਮਿਊਨਿਟੀ ਦੀ ਵੰਨਸੁਵੰਨਤਾ ਅਤੇ ਸ਼ਮੂਲੀਅਤ ਵਾਲੀ ਭਾਸ਼ਾ ਵਰਤਣ ਦੀ ਮਹੱਤਤਾ ਨੂੰ ਸਮਝਣ ਅਤੇ ਉਸ ਦਾ ਆਦਰ ਕਰਨ ਵਿੱਚ ਮਦਦ ਕਰਨ ਲਈ ਲੋੜੀਂਦੇ ਸਾਧਨ ਪ੍ਰਦਾਨ ਕਰਦੇ ਹਨ।

- **ਉਹ ਆਦਰ ਅਤੇ ਹਮਦਰਦੀ ਨੂੰ ਉਤਸ਼ਾਹ ਦਿੰਦੇ ਹਨ**
  ਸੋਜੀ (SOGI) ਦੀ ਸ਼ਮੂਲੀਅਤ ਵਾਲੇ ਵਸੀਲੇ ਵੰਨ-ਸੁਵੰਨੀਆਂ ਪਛਾਣਾਂ, ਪਰਿਵਾਰਾਂ ਦੀ ਵੰਨ-ਸੁਵੰਨਤਾ, ਪੂਰਵਧਾਰਨਾਵਾਂ (ਸਟੀਰੀਓਟਾਇਪਸ), ਬੁਲੀਇੰਗ (ਧੱਕੇਸ਼ਾਹੀ) ਅਤੇ ਨਾਂ-ਕੁਨਾਂ ਪਾਉਣ ਵਰਗੇ ਵਿਸ਼ਿਆਂ ਨਾਲ ਨਿਪਟਦੇ ਹਨ।

- **ਉਹ ਮਾਪਿਆਂ ਦੇ ਹੱਕਾਂ ਦਾ ਆਦਰ ਕਰਦੇ ਹਨ**
  ਸੋਜੀ (SOGI)ਦੀ ਸ਼ਮੂਲੀਅਤ ਵਾਲੀ ਵਿਦਿਆ ਦਾ ਮਕਸਦ ਸਹਿਣਸ਼ੀਲਤਾ, ਸਤਿਕਾਰ, ਅਤੇ ਸਾਰੇ ਲੋਕਾਂ ਨੂੰ ਪ੍ਰਵਾਨ ਕਰਨ ਦੀਆਂ ਜ਼ਰੂਰੀ ਕਦਰਾਂ ਕੀਮਤਾਂ ਨੂੰ ਸਿਖਾਉਣ ਲਈ ਮਾਪਿਆਂ ਵੱਲੋਂ ਕੀਤੇ ਜਾਂਦੇ ਯਤਨਾਂ ਵਿੱਚ ਸਹਾਈ ਹੋਣਾ ਹੈ। ਸਾਡੇ ਸਕੂਲ ਇਕ ਅਜਿਹੀ ਪਹੁੰਚ ਅਪਣਾਉਂਦੇ ਹਨ ਜਿਹੜੀ ਇਹ ਯਕੀਨੀ ਬਣਾਉਣ ਦੇ ਨਾਲ ਨਾਲ ਕਿ ਵਿਦਿਆਰਥੀ ਵੰਨ-ਸੁਵੰਨੀ ਦੁਨੀਆ ਨਾਲ ਨਜਿੱਠਣ ਲਈ ਤਿਆਰ ਹੋਣ ਮਾਪਿਆਂ ਦੇ ਸਰੋਕਾਰਾਂ ਦਾ ਧਿਆਨ ਰੱਖਦੀ ਹੈ।

- **ਉਹ ਉਮਰ ਮੁਤਾਬਕ ਢੁਕਵੇਂ ਹਨ**
  ਸਾਰੇ ਵਿਦਿਆਰਥੀ ਆਦਰ, ਹਮਦਰਦੀ, ਅਤੇ ਵੰਨ-ਸੁਵੰਨਤਾ ਵਰਗੇ ਵਿਸ਼ਿਆਂ ਬਾਰੇ ਸਿੱਖਦੇ ਹਨ, ਜਦੋਂ ਕਿ ਵਿਤਕਰੇ ਅਤੇ ਬੇਇਨਸਾਫੀ ਵਰਗੇ ਗੁੰਝਲਦਾਰ ਵਿਸ਼ਿਆਂ ਬਾਰੇ ਵਿਕਾਸ ਅਤੇ ਉਮਰ ਮੁਤਾਬਕ ਢੁਕਵੇਂ ਢੰਗ ਨਾਲ ਸਿੱਖਿਆ ਜਾ ਸਕਦਾ ਹੈ।

- **ਉਹ 2ਐੱਸ ਐੱਲ ਜੀ ਬੀ ਟੀ ਕਿਊ+ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਸਮਰਥਨ ਦਿੰਦੇ ਹਨ**
  ਸੋਜੀ (SOGI) ਦੀ ਸ਼ਮੂਲੀਅਤ ਵਾਲੇ ਵਸੀਲੇ 2ਐੱਸ ਐੱਲ ਜੀ ਬੀ ਟੀ ਕਿਊ+ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਸਮਰਥਨ, ਜੁੜੇ ਹੋਣ ਦੀ ਭਾਵਨਾ ਅਤੇ ਹਿਮਾਇਤ ਪ੍ਰਦਾਨ ਕਰਦੇ ਹਨ, ਜਿਹੜੇ ਵਿਦਿਆਰਥੀ ਇਸ ਤੋਂ ਬਿਨਾਂ ਇਕੱਲੇ ਜਾਂ ਹਾਸ਼ੀਏ ’ਤੇ ਧੱਕੇ ਹੋਏ ਮਹਿਸੂਸ ਕਰ ਸਕਦੇ ਹਨ। ਉਹ ਅਜਿਹਾ ਮਾਹੌਲ ਪੈਦਾ ਕਰਨ ਵਿੱਚ ਮਦਦ ਕਰਦੇ ਹਨ, ਜਿੱਥੇ ਸਾਰੇ ਵਿਦਿਆਰਥੀ ਤਰੱਕੀ ਕਰ ਸਕਣ।

- **ਉਹ ਸਾਰੇ ਵਿਦਿਆਰਥੀਆਂ ਲਈ ਲਾਭਦਾਇਕ ਹਨ**
  ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਸਾਰਿਆਂ ਦੀ ਸ਼ਮੂਲੀਅਤ ਵਾਲੇ ਕਲਾਸਰੂਮਾਂ ਅਤੇ ਸੋਜੀ (SOGI) ਨਾਲ ਸੰਬੰਧਿਤ ਬੁਲੀਇੰਗ (ਧੱਕੇਸ਼ਾਹੀ) ਬਾਰੇ ਨੀਤੀਆਂ ਸਕੂਲ ਦੇ ਵਾਤਾਵਰਨ ਵਿੱਚ ਸੁਧਾਰ ਕਰਦੀਆਂ ਹਨ ਅਤੇ ਸਾਰੇ ਵਿਦਿਆਰਥੀ ਵਿੱਚ ਵਿਤਕਰੇ, ਡਿਪ੍ਰੈਸ਼ਨ, ਐਂਗਜ਼ਾਇਟੀ, ਨਸ਼ਿਆਂ ਦੀ ਵਰਤੋਂ, ਆਤਮਹੱਤਿਆਵਾਂ ਬਾਰੇ ਵਿਚਾਰਾਂ, ਅਤੇ ਆਤਮਹੱਤਿਆਵਾਂ ਨੂੰ ਘਟਾਉਂਦੀਆਂ ਹਨ।

# SOGI ਲਿੰਗਕ ਰੁਚੀ ਅਤੇ ਲਿੰਗਕ ਪਛਾਣ

Surrey Schools
LEADERSHIP IN LEARNING

**ਮਾਪਿਆਂ ਦੀ ਸ਼ਮੂਲੀਅਤ:**

ਅਸੀਂ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਕਲਾਸਰੂਮ ਦੇ ਸਾਰੇ ਵਸੀਲਿਆਂ ਵਿੱਚ ਦਿੱਤੀ ਜਾਣਕਾਰੀ ਬਾਰੇ ਆਪਣੇ ਬੱਚਿਆਂ ਨਾਲ ਖੁੱਲ੍ਹੇ ਅਤੇ ਸਤਿਕਾਰ ਭਰਪੂਰ ਢੰਗ ਨਾਲ ਗੱਲਬਾਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਜੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਦੇ ਕੋਈ ਸਵਾਲ ਜਾਂ ਸਰੋਕਾਰ ਹੋਣ ਤਾਂ ਉਹਨਾਂ ਦਾ ਹਮੇਸ਼ਾਂ ਹੀ ਆਪਣੇ ਦੇ ਬੱਚੇ ਦੇ ਟੀਚਰ, ਪ੍ਰਿੰਸੀਪਲ ਜਾਂ ਡਿਸਟ੍ਰਿਕਟ ਨਾਲ ਗੱਲ ਕਰਨ ਲਈ ਸਵਾਗਤ ਹੈ।

**ਸਾਡੀ ਵਚਨਬੱਧਤਾ:**

ਸਰੀ ਸਕੂਲ ਡਿਸਟ੍ਰਿਕਟ ਲਿੰਗਕ ਰੁਚੀ ਜਾਂ ਲਿੰਗਕ ਪਛਾਣ ਵੱਲ ਧਿਆਨ ਦਿੱਤੇ ਬਿਨਾਂ ਹਰ ਵਿਦਿਆਰਥੀ ਲਈ ਸਿੱਖਣ ਦਾ ਸੁਰੱਖਿਅਤ ਅਤੇ ਸਮਰਥਨ ਵਾਲਾ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ। ਸੋਗੀ (SOGI) ਦੀ ਸ਼ਮੂਲੀਅਤ ਵਾਲੇ ਵਸੀਲੇ ਸਾਡੇ ਵੱਲੋਂ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਵਰਤੇ ਜਾਂਦੇ ਕਈ ਸਾਧਨਾਂ ਵਿੱਚੋਂ ਇਕ ਸਾਧਨ ਹਨ।

ਅਸੀਂ ਮਿਲ ਕੇ ਵਧੇਰੇ ਸਮਝ, ਸਾਰਿਆਂ ਦੀ ਸ਼ਮੂਲੀਅਤ ਅਤੇ ਪ੍ਰਵਾਨਗੀ ਵਾਲੀ ਕਮਿਉਨਿਟੀ ਬਣਾ ਸਕਦੇ ਹਾਂ।